ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ
ਪੁੱਡਾ ਭਵਨ (ਸੈਕਟਰ-62) ਐਸ.ਏ.ਐਸ.ਨਗਰ

ਨੰਬਰ-ਗਮਾਡਾ-ਤਾਲਮੇਲ ਸਾਖਾ-/2015/ 17153-17160 ਮਿਤੀ: 12-05-2015

ਸੇਵਾ ਵਿਖੇ

1) ਉਪ ਮੁੱਖ ਮੰਤਰੀ, ਪੰਜਾਬ-ਕਮ-ਮੰਤਰੀ ਇੰਚਾਰਜ,
ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ, ਚੰਡੀਗੜ੍ਹ।

2) ਮੁੱਖ ਸਕੱਤਰ, ਪੰਜਾਬ ਸਰਕਾਰ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

3) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

4) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

5. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।

6) ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।

7) ਮੁੱਖ ਪ੍ਰਸ਼ਾਸ਼ਕ,
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ।

8) ਮੁੱਖ ਨਗਰ ਯੋਜਨਾਕਾਰ, ਪੰਜਾਬ,
ਐਸ.ਏ.ਐਸ.ਨਗਰ।

ਵਿਸ਼ਾ: - ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅਥਾਰਿਟੀ ਦੀ 18ਵੀਂ ਮੀਟਿੰਗ ਦੀ ਕਾਰਵਾਈ ਭੇਜਣ ਬਾਰੇ।

ਸ੍ਰੀਮਾਨ ਜੀ,

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅਥਾਰਿਟੀ ਦੀ 18ਵੀਂ ਮੀਟਿੰਗ ਜੋ ਮਿਤੀ 15-04-2015 ਨੂੰ ਬਾਅਦ ਦੁਪਿਹਰ 5.30 ਵਜੇ ਮਾਨਯੋਗ ਮੁੱਖ ਮੰਤਰੀ-ਕਮ-ਚੇਅਰਮੈਨ, ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਹੋਈ ਸੀ, ਦੀ ਕਾਰਵਾਈ ਦੀ ਕਾਪੀ ਆਪ ਨੂੰ ਸੂਚਨਾਂ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ/ਉ:ਅਨੁਸਾਰ।

ਵਧੀਕ ਮੁੱਖ ਪ੍ਰਸ਼ਾਸਕ(ਮੁੱ.ਦ.),
ਗਮਾਡਾ, ਐਸ.ਏ.ਐਸ.ਨਗਰ।

ਪਿੱਠ ਅੰਕਣ ਨੰਬਰ-ਗਮਾਡਾ-ਤਾਲਮੇਲ ਸਾਖਾ-/2015/ 17161 ਮਿਤੀ: 12-05-2015

ਉਪਰੋਕਤ ਦਾ ਉਤਾਰਾ ਸਮੇਤ ਗਮਾਡਾ ਅਥਾਰਟੀ ਦੀ 18ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਵਿਸ਼ੇਸ਼ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ, ਨੂੰ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਸੂਚਨਾਂ ਲਈ ਜੀ।

ਵਿਸ਼ਾ:- ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 15.04.2015 ਨੂੰ ਬਾਅਦ ਦੁਪਹਿਰ 5:30 ਵਜੇ ਹੋਈ ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ ਦੀ ਹੋਈ 18ਵੀਂ ਮੀਟਿੰਗ ਦੀ ਕਾਰਵਾਈ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 15.04.2015 ਨੂੰ ਗਮਾਡਾ ਅਥਾਰਿਟੀ ਦੀ 18ਵੀਂ ਮੀਟਿੰਗ ਹੋਈ, ਜਿਸ ਵਿਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ:-

1) ਸ੍ਰੀ ਸੁਖਬੀਰ ਸਿੰਘ ਬਾਦਲ,
ਉਪ ਮੁੱਖ ਮੰਤਰੀ-ਕਮ-ਮੰਤਰੀ ਇੰਚਾਰਜ,
ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ।
2) ਸ੍ਰੀ ਸਰਵੇਸ਼ ਕੌਸ਼ਲ, ਆਈ.ਏ.ਐਸ.,
ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
3) ਸ੍ਰੀ ਐਸ.ਕੇ.ਸੰਧੂ, ਆਈ.ਏ.ਐਸ.,
ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।
4) ਸ੍ਰੀਮਤੀ ਵਿੰਨੀ ਮਹਾਜਨ, ਆਈ.ਏ.ਐਸ.,
ਪ੍ਰਮੁੱਖ ਸਕੱਤਰ ਵਿੱਤ, ਪੰਜਾਬ ਸਰਕਾਰ, ਚੰਡੀਗੜ੍ਹ।
5) ਸ੍ਰੀ ਵਿਸ਼ਵਜੀਤ ਖੰਨਾ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ।
6) ਸ੍ਰੀ ਅਸ਼ੋਕ ਕੁਮਾਰ ਗੁਪਤਾ, ਆਈ.ਏ.ਐਸ.,
ਸਕੱਤਰ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ।
7) ਸ੍ਰੀ ਏ.ਕੇ.ਸਿਨਹਾ, ਆਈ.ਏ.ਐਸ.,
ਮੁੱਖ ਪ੍ਰਸ਼ਾਸ਼ਕ, ਗਮਾਡਾ,ਐਸ.ਏ.ਐਸ.ਨਗਰ।
8) ਸ੍ਰੀ ਹਰਨੇਕ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ, ਐਸ.ਏ.ਐਸ.ਨਗਰ।

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਅਧਿਕਾਰੀ ਮੀਟਿੰਗ ਵਿਚ ਹਾਜਰ ਹੋਏ:-

1) ਸ੍ਰੀ ਗਗਨਦੀਪ ਸਿੰਘ ਬਰਾੜ, ਆਈ.ਏ.ਐਸ.,
   ਵਿਸ਼ੇਸ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਚੰਡੀਗੜ੍ਹ।
2) ਸ੍ਰੀਮਤੀ ਨਵਜੋਤ ਕੌਰ, ਪੀ.ਸੀ.ਐਸ.,
   ਵਧੀਕ ਮੁੱਖ ਪ੍ਰਸਾਸਕ, ਗਮਾਡਾ, ਐਸ.ਏ.ਐਸ.ਨਗਰ।
3) ਸ੍ਰੀ ਜੇ.ਜੇ.ਕੁਮਾਰ,
   ਮੁੱਖ ਇੰਜੀਨੀਅਰ, ਗਮਾਡਾ, ਐਸ.ਏ.ਐਸ.ਨਗਰ।
4) ਸ੍ਰੀ ਜਗਦੀਸ਼ ਕੁਮਾਰ,
   ਮੁੱਖ ਲੇਖਾ ਅਫਸਰ,
   ਗਮਾਡਾ, ਐਸ.ਏ.ਐਸ.ਨਗਰ।

ਅਜੰਡੇ ਦੀਆਂ ਮੱਦਾਂ ਨੂੰ ਲੜੀ-ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

<u>ਮੱਦ ਨੰ.18.01</u>

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ 17 ਵੀਂ ਮੀਟਿੰਗ ਜੋ ਮਿਤੀ 28-10-2014 ਨੂੰ ਹੋਈ ਸੀ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਵਿਚਾਰ ਵਟਾਂਦਰੇ ਉਪਰੰਤ ਸਰਵ ਸੰਮਤੀ ਨਾਲ ਜਾਰੀ ਕੀਤੀ ਗਈ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

<u>ਮੱਦ ਨੰ.18.02</u>

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ 17ਵੀਂ ਮੀਟਿੰਗ ਜੋ ਕਿ ਮਿਤੀ 28-10-2014 ਨੂੰ ਹੋਈ ਸੀ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਿਟੀ ਵਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

<u>ਮੱਦ ਨੰ.18.03</u>

**ਸਾਲ 2013-14 ਦੇ ਸਲਾਨਾ ਲੇਖਿਆ ਬਾਰੇ।**

ਅਥਾਰਿਟੀ ਵਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ.18.04

**ਗਮਾਡਾ ਦੀ ਮੌਜੂਦਾ ਵਿੱਤੀ ਸਥਿਤੀ ਅਤੇ ਸਾਲ 2014-15 ਦੇ ਸੋਧੇ ਬਜਟ ਅਨੁਮਾਨ ਅਤੇ ਸਾਲ 2015-16 ਦੇ ਬਜਟ ਅਨੁਮਾਨਾਂ ਦੀ ਪ੍ਰਵਾਨਗੀ ਦੇਣ ਸਬੰਧੀ ।**

1. ਗਮਾਡਾ ਦੀ ਵਿੱਤੀ ਸਥਿਤੀ – ਅਥਾਰਿਟੀ ਵਲੋਂ ਵਿੱਤੀ ਸਥਿਤੀ ਦਾ ਜਾਇਜ਼ਾ ਲੈਂਦੇ ਹੋਏ ਬੈਂਕ ਕਰਜੇ ਦੀ ਭਰਪਾਈ ਲਈ ਖਾਲੀ ਸਾਈਟਾਂ ਨੂੰ ਵਾਜਿਬ ਰੇਟਾਂ ਤੇ ਵੇਚਣ ਦੀ ਪ੍ਰੀਕ੍ਰਿਆ ਤੁਰੰਤ ਆਰੰਭਨ ਲਈ ਕਿਹਾ ਗਿਆ । ਇਸ ਸਬੰਧ ਵਿੱਚ ਵੱਖੋ-ਵੱਖ ਸਾਈਟਾਂ ਨੂੰ ਵੇਚਣ ਲਈ ਵਾਜਿਬ ਉਪਰਾਲੇ ਕੀਤੇ ਜਾਣ। ਜਿਥੇਂ ਪਲਾਟਾਂ ਦੇ ਰੇਟ ਮਾਰਕੀਟ ਰੇਟ ਤੋਂ ਵੱਧ ਹਨ, ਉਨ੍ਹਾਂ ਬਾਰੇ ਰੀਵਿਊ ਕੀਤਾ ਜਾਵੇ।
2. ਬਜਟ ਅਨੁਮਾਨ – ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ ।

ਮੱਦ ਨੰ.18.05

**ਪ੍ਰੋਮੋਟਰਾਂ ਤੋਂ ਪ੍ਰਾਪਤ ਈ.ਡੀ.ਸੀ. ਦੀ ਰਕਮ ਵਿਚੋਂ ਬਾਹਰੀ ਵਿਕਾਸ ਖਰਚੇ ਅਤੇ ਗਮਾਡਾ ਵੱਲੋਂ ਵੱਖ-2 ਸੈਕਟਰਾਂ ਨੂੰ ਵੰਡਦੀਆਂ ਸੜਕਾਂ ਦੀ ਰੱਖ-ਰਖਾਵ ਤੇ ਕੀਤੇ ਖਰਚੇ ਸਬੰਧੀ ।**

ਅਥਾਰਿਟੀ ਵਲੋਂ ਮੱਦ ਪ੍ਰਵਾਨ ਕੀਤੀ ਗਈ ਅਤੇ ਸਾਰੇ ਮੈਂਬਰਾਂ ਵਲੋਂ ਇਸ ਸਬੰਧੀ ਸੰਤੁਸਟੀ ਪ੍ਰਗਟਾਈ ਗਈ।

ਮੱਦ ਨੰ.18.06

**ਪੰਜਾਬ ਇੰਨਵੈਸਟਮੈਂਟ ਪ੍ਰਮੋਸ਼ਨ ਕੰਪੇਨ 2013-14 ਲਈ ਪੰਜਾਬ ਇਨਫੋਟੈਕ ਨੂੰ ਅੰਸ਼ਦਾਨ ਰਲੀਜ਼ ਕਰਨ ਬਾਰੇ।**

ਅਥਾਰਿਟੀ ਵਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ.18.07

**ਐਰੋਸਿਟੀ ਸਕੀਮ ਦੇ ਫਾਰਮ ਨੰ. 71323 ਸਾਈਜ 200 ਵ.ਗਜ (ਪਲਾਟ ਨੰ.7193 ਬਲਾਕ ਐਚ) ਦੇ ਅਲਾਟੀ ਵੱਲੋਂ 12000/- ਰੁਪਏ ਘੱਟ ਜਮ੍ਹਾਂ ਕਰਵਾਈ ਗਈ ਰਕਮ ਨੂੰ ਸਵੀਕਾਰ ਕਰਨ ਦੀ ਕਾਰਜ-ਬਾਅਦ ਪ੍ਰਵਾਨਗੀ ਬਾਰੇ।**

ਅਥਾਰਿਟੀ ਵਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ.18.08</u>

ਪੂਰਬ ਪ੍ਰੀਮੀਅਮ ਅਪਾਰਟਮੈਂਟਸ, ਸਕੀਮ-1, ਸੈਕਟਰ 88, ਐਸ.ਏ.ਐਸ. ਨਗਰ ਬਿਨੈਕਾਰਾਂ ਨੂੰ ਕਿਸਤਾਂ ਜਮ੍ਹਾਂ ਕਰਵਾਉਣ ਲਈ ਸਮੇਂ ਵਿੱਚ ਵਾਧਾ ਕਰਨ ਲਈ ਕਾਰਜ-ਬਾਅਦ ਪ੍ਰਵਾਨਗੀ ਦੇਣ ਬਾਰੇ।

ਅਥਾਰਿਟੀ ਵਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ.18.09</u>

ਈਕੋ ਸਿਟੀ-2 ਮੋਹਾਲੀ ਵਿਖੇ ਵੱਖ-ਵੱਖ ਸਾਈਜਾਂ ਦੇ 334 ਰਿਹਾਇਸ਼ੀ ਪਲਾਟ ਅਲਾਟ ਕਰਨ ਲਈ ਕੱਢੀ ਗਈ ਸਕੀਮ ਦੀ ਕਾਰਜ-ਬਾਅਦ ਪ੍ਰਵਾਨਗੀ।

ਅਥਾਰਿਟੀ ਵਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ.18.10</u>

ਮੁੱਖ ਮੰਤਰੀ ਰਾਹਤ ਕੋਸ਼ ਵਿੱਚ ਗਮਾਡਾ ਵੱਲੋਂ ਕੀਤੇ 20.00 ਲੱਖ ਰੁਪਏ ਦੇ ਅਨੁਦਾਨ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਬਾਰੇ।

ਅਥਾਰਿਟੀ ਵਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ.18.11</u>

ਮੋਰਿੰਡਾ-ਕੁਰਾਲੀ-ਸਿਸ਼ਵਾਂ ਦੀ ਸਟੇਟ ਬਾਉਂਡਰੀ ਤੇ ਸਿਸ਼ਵਾਂ ਨੇੜੇ ਟੀ-ਜੰਕਸ਼ਨ ਕੋਲ ਫਲਾਈ ਓਵਰ ਦੀ ਉਸਾਰੀ ਲਾਗਤ ਵਿੱਚ ਵਾਧਾ ਹੋਣ ਕਾਰਨ ਵਾਧੂ ਫੰਡਜ਼ ਮੁਹਈਆ ਕਰਵਾਉਣ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ ।

<u>ਮੱਦ ਨੰ.18.12</u>

ਇੰਡੀਅਨ ਬੈਂਕ, ਸੈਕਟਰ 7-ਸੀ, ਚੰਡੀਗੜ੍ਹ ਤੋਂ 300 ਕਰੋੜ ਰੁਪਏ ਦਾ short term loan ਲੈਣ ਬਾਰੇ।

ਅਥਾਰਿਟੀ ਵਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ.18.13</u>

ਮੋਹਾਲੀ ਪਿੰਡ ਦੇ ਨਾਲ ਲਗਦੇ 2.10 ਏਕੜ ਭੋਂ ਨੂੰ ਡੋਗ ਸੈਲਟਰ/ਪੈੱਟ ਕਲੀਨੀਕ ਅਤੇ ਪਾਰਕ ਦੀ ਸਥਾਪਨਾ ਕਰਨ ਲਈ ਮਿਊਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ ਨੂੰ ਲੀਜ ਤੇ ਦੇਣ ਦੀ ਕਾਰਜ-ਬਾਅਦ ਪ੍ਰਵਾਨਗੀ।

ਅਥਾਰਿਟੀ ਵਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ.18.14</u>

ਪੇਇੰਗ ਗੈਸਟ ਪਾਲਿਸੀ ਵਿੱਚ ਕੀਤੀ ਗਈ ਸੋਧ ਦੀ ਕਾਰਜ-ਬਾਅਦ ਪ੍ਰਵਾਨਗੀ।

ਅਥਾਰਿਟੀ ਵਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ.18.15</u>

ਸਾਲਾਨਾ ਪ੍ਰਸਾਸਕੀ ਰਿਪੋਰਟ 2013-14

ਅਥਾਰਿਟੀ ਵਲੋਂ ਮੱਦ ਪ੍ਰਵਾਨ ਕਰ ਲਈ ਗਈ।

<u>ਮੱਦ ਨੰ.18.16</u>

ਗਮਾਡਾ ਵਿਖੇ ਸਟਾਫ ਦੀ ਸਥਿਤੀ ਬਾਰੇ।

ਇਹ ਮੱਦ ਅਥਾਰਿਟੀ ਵਲੋਂ ਗਮਾਡਾ ਦੀ ਕਾਰਜਕਾਰੀ ਕਮੇਟੀ ਅੱਗੇ ਵਿਚਾਰਨ ਹਿੱਤ ਪੇਸ਼ ਕਰਨ ਲਈ ਫੈਸਲਾ ਲਿਆ ਗਿਆ।

ਮੀਟਿੰਗ ਧੰਨਵਾਦ ਦੇ ਮਤੇ ਸਹਿਤ ਸਮਾਪਤ ਹੋਈ।

ਮੁੱਖ ਮੰਤਰੀ,
ਪੰਜਾਬ।